International Journal of Applied Research 2016; 2(6): 809-812




**ISSN Print:** 2394-7500
**ISSN Online:** 2394-5869
**Impact Factor:** 5.2
IJAR 2016; 2(6): 809-812
www.allresearchjournal.com
Received: 26-04-2016
Accepted: 27-05-2016

**ਜਸਦੀਪ ਕੌਰ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ

**Correspondence**
**ਜਸਦੀਪ ਕੌਰ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ

# ਦਲੀਪ ਕੌਰ ਟਿਵਾਣਾ ਦਾ ਰਚਨਾ ਸੰਸਾਰ

**ਜਸਦੀਪ ਕੌਰ**

**ਸਾਰੰਸ਼**
ਦਲੀਪ ਕੌਰ ਟਿਵਾ ਪੰਜਾਬੀ ਸਾਹਿਤ ਚਿੰਤਨ ਵਿਚ ਇਕ ਵਿਲੱਖਣ ਗਲਪਕਾਰ ਵਜੋਂ ਪਛਾਣੀ ਜਾਂਦੀ ਹੈ। ਨਿਰਸੰਦੇਹ ਟਿਵਾਣਾ ਦਾ ਰਚਨਾ ਸੰਸਾਰ ਮੁਢਲੇ ਦੌਰ ਦੀ ਸਾਹਿਤਕ ਪ੍ਰਾਪਤੀ ਹੈ ਅਤੇ ਇਸ ਪ੍ਰਾਪਤੀ ਨੂੰ ਰਚਨਾਤਮਕ ਪਿੱਠਭੂਮੀ ਦਾ ਦਰਜਾ ਦਿਤਾ ਜਾ ਸਕਦਾ ਹੈ। ਇਸ ਰਚਨਾਤਮਕ ਪਿੱਠਭੂਮੀ ਉਪਰ ਚਰਚਾ ਕਰਦਿਆਂ ਟਿਵਾਣਾ ਨੇ ਕਹਾਣੀ ਨੂੰ ਅਜਿਹੀ ਅਨੇਕ ਅਰਥੀ ਪ੍ਰਾਪਤੀ ਮੰਨਿਆ ਹੈ ਜੋ ਸਾਧਾਰਣ ਮਨੁੱਖ ਦੀ ਸਾਧਾਰਣ ਜ਼ਿੰਦਗੀ ਦੀ ਗੱਲ ਕਰਦੀ ਹੈ। ਨਿਰਸੰਦੇਹ ਦਲੀਪ ਕੌਰ ਟਿਵਾਣਾ ਆਪਣੀ ਸਾਹਿਤਕ ਯਾਤਰਾ ਵਿਚ ਉਨ੍ਹਾਂ ਔਰਤ ਲੇਖਕਾਵਾਂ ਤੋਂ ਵੱਖਰੀ ਹੈ ਜੋ ਹਰ ਪਲ ਆਪਣੇ ਸੰਤਾਪ ਦਾ ਸ਼ੋਰ ਉਚਾਰਦੀਆਂ ਹਨ। ਪਰਿਵਾਰਕ ਧਰਾਤਲ ਉਪਰ ਉਸ ਨੂੰ ਵੀ ਤ੍ਰਾਸਦ ਸਥਿਤੀਆਂ ਵਿਚੋਂ ਗੁਜ਼ਰਨਾ ਪਿਆ ਸੀ ਪਰੰਤੂ ਉਸਦੇ ਵਿਅਕਤਿਤ੍ਵ ਦੀ ਵਡਿਆਈ ਇਹ ਹੈ ਕਿ ਉਹ ਹਮੇਸ਼ਾਂ ਦੁਖ ਤੋਂ ਪਾਰ ਜਾਣ ਦੀ ਸਮਰੱਥਾ ਰੱਖਦੀ ਹੈ। ਜਦੋਂ ਕੋਈ ਵਿਅਕਤੀ ਆਪਣੀਆਂ ਸੀਮਾਵਾਂ ਨੂੰ ਭਵਿੱਖ ਨਾਲ ਜੋੜਦਾ ਹੈ ਤਾਂ ਉਦੋਂ ਦੁੱਖ ਬੰਧਨ ਨਹੀਂ ਬਣਦਾ। ਟਿਵਾਣਾ ਦੀ ਰਚਨਾਤਮਕ ਪ੍ਰਾਪਤੀ ਦੀ ਗਤੀਸ਼ੀਲਤਾ ਹੀ ਇਸੇ ਰਹੱਸ ਵਿਚ ਹੈ ਕਿ ਉਸਨੇ ਦੁੱਖ ਨੂੰ ਆਪਣੀ ਹੋਂਦ ਉਪਰ ਭਾਰੂ ਨਹੀਂ ਹੋਣ ਦਿੱਤਾ।

**ਮੁੱਖ ਸਬਦ:** ਸਮਾਜਕ, ਆਰਥਿਕ, ਸਾਹਿਤਕ, ਚੇਤਨਾ, ਆਤਮ-ਵਿਸ਼ਵਾਸ, ਰਚਨਾ, ਅੰਤਰ ਦ੍ਰਿਸ਼ਟੀ, ਆਦਿ।

## Introduction

ਦਲੀਪ ਕੌਰ ਟਿਵਾਣਾ ਦੀ ਰਚਨਾਤਮਕ ਪ੍ਰਾਪਤੀ ਅਤੇ ਵਿਕਾਸ ਦਾ ਰਹੱਸ ਇਹ ਹੈ ਕਿ ਉਹ ਮਾਨਵੀ ਜ਼ਿੰਦਗੀ ਨੂੰ ਇਕਹਿਰੀ ਅਤੇ ਲਕੀਰੀ ਪਾਸਾਰ ਵਾਲੀ ਨਹੀਂ ਮੰਨਦੀ। ਉਹ ਸਥਿਤੀਆਂ ਵਿਚ ਆਏ ਪਰਿਵਰਤਨ ਦੇ ਆਂਤਰਿਕ ਰਹੱਸ ਪਛਾਣਦੀ ਹੋਈ ਆਪਣੇ ਨਾਵਲਾਂ ਵਿਚ ਯਥਾਰਥਬੋਧ ਦਾ ਬਿੰਬ ਉਸਾਰਦੀ ਹੈ। ਇਸੇ ਯਥਾਰਥਬੋਧ ਵਿਚੋਂ ਉਸਦੇ ਨਾਵਲਾਂ ਦੇ ਵਿਕਾਸ ਦੀ ਪ੍ਰਤੀਤੀ ਹੁੰਦੀ ਹੈ। ਡਾ. ਜੋਗਿੰਦਰ ਸਿੰਘ ਰਾਹੀ ਟਿਵਾਣਾ ਜਦੋਂ ਉਸ ਦੇ ਇਕ ਦੋ ਨਾਵਲਾਂ ਨੂੰ ਆਧਾਰ ਬਣਾ ਕੇ ਉਸ ਦੀ ਗਲਪ ਦ੍ਰਿਸ਼ਟੀ ਉਪਰ ਵਿਅਕਤੀ-ਯਥਾਰਥ ਦੀ ਉਲੰਘਣਾ ਕਹਿੰਦਾ ਹੈ ਤਾਂ ਉਸ ਦੀ ਸਮੀਖਿਆ ਦ੍ਰਿਸ਼ਟੀ ਇਕ-ਪਾਸੜ ਪ੍ਰਤੀਤ ਹੋਣ ਲਗਦੀ ਹੈ। ਡਾ. ਜੋਗਿੰਦਰ ਸਿੰਘ ਰਾਹੀ ਦੀ ਮੂਲ ਧਾਰਨਾ ਹੈ ਕਿ ਟਿਵਾਣਾ ਦੀਆਂ ਔਰਤ ਨਾਇਕਾਵਾਂ ਲੇਖਕ ਦੀਆਂ ਮਨ-ਇੱਛਿਤ ਸਥਿਤੀਆਂ ਕਾਰਣ ਦੁਖਾਂਤ ਭੋਗਦੀਆਂ ਹਨ ਅਤੇ ਇਹ ਪੈਟਰਨ ਉਸ ਦੇ ਸਾਰੇ ਨਾਵਲਾਂ ਵਿਚ ਦੁਹਰਾਇਆ ਗਿਆ ਹੈ। ਸਾਡੀ ਧਾਰਨਾ ਇਹ ਹੈ ਕਿ ਜਦੋਂ ਕੋਈ ਸਮੀਖਿਆਕਾਰ ਕਿਸੇ ਰਚਨਾਕਾਰ ਦੀਆਂ ਇਕ ਦੋ ਰਚਨਾਵਾਂ ਨੂੰ ਆਧਾਰ ਬਣਾ ਕੇ ਆਪਣਾ ਨਿਸ਼ਚਿਤ ਨਿਰਣਾ ਉਸਾਰਦਾ ਹੈ ਤਾਂ ਉਦੋਂ ਉਹ ਨਿਆਂ ਨਹੀਂ ਕਰ ਰਿਹਾ ਹੁੰਦਾ। ਦੂਜਾ ਔਰਤ ਲੇਖਕ ਉਪਰ ਹਰ ਪਲ ਭਾਵੁਕ ਹੋਣ ਦਾ ਦੋਸ਼ ਐਵੇਂ ਹੀ ਲਗਾ ਦਿੱਤਾ ਜਾਂਦਾ ਹੈ ਜਦ ਕਿ ਟਿਵਾਣਾ ਦੇ ਨਾਵਲਾਂ ਦੀਆਂ ਨਾਇਕਾਵਾਂ ਕਿਸੇ ਇਕਹਿਰੇ ਯਥਾਰਥ ਵਿਚੋਂ ਨਹੀਂ ਉਸਰਦੀਆਂ। ਹਰ ਨਾਵਲ ਦੀ ਨਇਕਾ ਆਪਣੀ ਆਪਣੀ ਸਥਿਤੀ ਵਿਚ ਵੱਖਰੇ ਬਿੰਬ ਵਾਲੀ ਹੈ। ਭਾਨੋ, ਮਨਦੀਪ, ਸੀਮਾ, ਸਿਮਰਨ, ਅਲਕਾ, ਪਵਨ ਅਤੇ ਟਵਿੰਕਲ ਨੂੰ ਇਕੋ ਭਾਵੁਕਤਾ ਦਾ ਵਿਸਥਾਰ ਮੰਨਣਾ ਰਚਨਾ ਦੇ ਵਿਵੇਕ ਨੂੰ ਖੰਡਿਤ ਕਰਨਾ ਹੈ। ਟਿਵਾਣਾ ਦੇ ਨਾਵਲਾਂ ਅੰਦਰ ਇਕ ਪਛਾਨਣਯੋਗ ਵਿਕਾਸ ਅਵੱਸ਼ ਹੈ। ਦੂਜਾ, ਇਹ ਵੀ ਧਿਆਨ ਵਿਚ ਰੱਖਣਾ ਅਤਿ ਜ਼ਰੂਰੀ ਹੈ ਕਿ ਜੇਕਰ ਸਥਿਤੀਆਂ ਵਿਚ ਤਿੱਖਾ ਪਰਿਵਰਤਨ ਨਹੀਂ ਤਾਂ ਰਚਨਾਵਾਂ ਵਿਚ ਕਿਸ ਪਰਿਵਰਤਨ ਨੂੰ ਉਸਾਰਿਆ ਜਾਵੇ ਤਾਂ ਜੋ ਦੁਹਰਾਓ ਦਾ ਦੋਸ਼ ਨਾ ਲਗੇ। ਭਾਰਤੀ ਸਮਾਜ ਵਿਚ ਪਰਿਵਰਤਨ ਦਾ ਵਰਤਾਰਾ ਬੜਾ ਧੀਮਾ ਹੈ ਅਤੇ ਅਜਿਹੀ ਸਥਿਤੀ ਵਿਚ ਇਹ ਪ੍ਰਭਾਵ ਪੈ ਸਕਦਾ ਹੈ ਕਿ ਫਲਾਣੇ ਲੇਖਕ ਵਿਚ ਵਿਕਾਸ ਦਾ ਰੰਗ ਪੇਤਲਾ ਹੈ। ਵਾਸਤਵ ਵਿਚ ਇਹ ਦੋਸ਼ ਨਹੀਂ ਬਲਕਿ ਸਥਿਤੀਆਂ ਦਾ ਛਆ, ਯਥਾਰਥ ਹੈ। ਟਿਵਾਣਾ ਆਪਣੇ ਉਪਰ ਅਜਿਹੇ ਇਲਜ਼ਾਮ ਨੂੰ ਰੱਦ ਕਰਦੀ ਹੈ ਕਿ ਉਹ ਔਰਤ ਦਾ ਪੱਖ ਪੂਰਨ ਲਈ ਉਲਾਰ ਹੋ ਕੇ ਲਿਖਦੀ ਹੈ।ਦਲੀਪ ਕੌਰ ਟਿਵਾਣਾ ਦੀ ਨਾਵਲਕਾਰੀ ਦੇ ਫੈਲਾਓ ਵਿਚ ਔਰਤ ਦਾ ਪੱਖ ਕੇਂਦਰੀ ਸਥਿਤੀ ਹੈ। ਸਪਸ਼ਟ ਹੀ ਹੈ ਕਿ ਔਰਤ ਦਰਪੇਸ਼ ਤ੍ਰਾਸਦ ਸਥਿਤੀਆਂ ਵਿਚ ਆਪਣੇ ਦੁੱਖ ਦਾ ਇਕ ਕਾਰਣ ਉਹ ਆਪ ਵੀ ਹੈ। ਇਸ ਵਿਚ ਸੰਦੇਹ ਨਹੀਂ ਕਿ ਸਮਾਜਕ, ਆਰਥਿਕ ਅਤੇ ਸਰੀਰਕ ਕਾਰਣ ਵੀ ਉਸ ਨੂੰ ਅਣਹੋਇਆ ਬਣਾਉਂਦੇ ਹਨ ਪਰੰਤੂ ਉਦੋਂ ਸਥਿਤੀ ਵਧੇਰੇ ਤਨਾਉ ਵਾਲੀ ਬਣਦੀ ਹੈ, ਜਦੋਂ ਔਰਤ ਹੀ ਔਰਤ ਦੀ ਦੁਸ਼ਮਣ ਬਣ ਜਾਂਦੀ ਹੈ ਜਾਂ ਔਰਤ ਖੁਦ ਇਕ ਵਸਤੂ ਵਾਂਗ ਵਿਵਹਾਰ ਕਰਨ ਲਗਦੀ ਹੈ। ਦਲੀਪ ਕੌਰ ਟਿਵਾਣਾ ਨੇ ਔਰਤ ਦੀ ਤ੍ਰਾਸਦ ਹੋਣੀ ਨੂੰ ਚਿਤਰਦਿਆਂ ਇਹ ਵਿਚਾਰ ਪ੍ਰਗਟਾਇਆ ਹੈ ਕਿ ਉਹ ਦੂਜੇ ਕਾਰਣਾਂ ਤੋਂ ਇਲਾਵਾ ਖੁਦ ਵੀ ਇਸ ਲਈ ਜ਼ਿਮੇਵਾਰ ਹੈ। ਉਹ ਖੁਦ ਇਕ ਪ੍ਰਸ਼ਨ ਦੇ ਉੱਤਰ ਵਿਚ ਕਹਿੰਦੀ ਹੈ ਕਿ, ‘‘ਆਪਣਾ ਤਾਂ ਉਹ ਹਿਸਾਬ ਹੈ

ਅਖੇ ਇਕ ਥਾਂ ਅੰਬਾਂ ਦੇ ਦਰਖਤ ਉਪਰ ਬੈਠੇ ਬਾਂਦਰ ਦੇ ਲੋਕ ਇੱਟਾਂ ਰੋੜੇ ਮਾਰ ਰਹੇ ਸਨ। ਕਿਸੇ ਭਲੇ ਰਾਹੀ ਨੇ ਪੁੱਿ "ਇਹ ਸਾਰੇ ਲੋਕ ਕੀਹਨੂੰ ਮਾਰ ਰਹੇ ਨੇ ?" ਕਿਸੇ ਨੇ ਦੱਸਿਆ, "ਬਾਂਦਰ ਨੂੰ" ਉਹਨੇ ਪੁੱਛਿਆ, "ਬਾਂਦਰ ਵੱਲ ਕੌਣ ਹੈ ?" ਅਗਲੇ ਨੇ ਦੱਸਿਆ, "ਕੋਈ ਨਹੀਂ", ਇਸ ਉਪਰ ਉਸ ਭਲੇ ਰਾਹੀ ਨੇ ਆਖਿਆ, "ਤਾਂ ਫੇਰ ਬਾਂਦਰ ਵੱਲ ਮੈਂ ਹਾਂ।" ਬਸ ਮਜ਼ਲੂਮ ਦੇ ਨਾਲ ਖੜੋ ਜਾਈਦਾ ਹੈ।"[1]

'ਏਹੁ ਹਮਾਰਾ ਜੀਵਣਾ' ਦੀ ਭਾਨੋ ਤੋਂ ਲੈ ਕੇ ਅਲਕਾ ਦੇ ਰੂਪ ਵਿਚ ਪ੍ਰਗਟ ਹੋਣ ਵਾਲੀ ਔਰਤ ਜਿਥੇ ਔਰਤ ਦੀ ਚੇਤਨਾ ਦੇ ਵਿਕਾਸ ਦੀ ਸੂਚਕ ਹੈ, ਉਥੇ ਇਸ ਵਿਕਾਸ ਵਿਚੋਂ ਟਿਵਾਣਾ ਦੀ ਗਲਪਕਾਰੀ ਦਾ ਵਿਕਾਸ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਉਸ ਦੀ ਵਡਿਆਈ ਇਹ ਹੈ ਕਿ ਉਹ ਨਿਰੰਤਰ ਲਿਖ ਰਹੀ ਹੈ, ਔਰਤ ਦੀ ਸਥਿਤੀ ਦੇ ਬਦਲਦੇ ਪਰਿਪੇਖ ਉਸਾਰ ਰਹੀ ਹੈ ਅਤੇ ਇਕ ਪ੍ਰਤਿਬੱਧ ਲੇਖਕ ਵਾਂਗ ਔਰਤ ਦੀ ਮੁੱਕਤੀ ਦਾ ਮਸਲਾ ਧਰਤੀ ਦਾ ਮਸਲਾ ਬਣਾ ਰਹੀ ਹੈ। ਉਸ ਦੀ ਨਾਵਲਕਾਰੀ ਨੇ ਇਹ ਚੇਤਨਾ ਜਗਾ ਦਿਤੀ ਹੈ ਕਿ ਜੇਕਰ ਚੰਗੇਰੇ ਸਮਾਜ ਦੀ ਪਰਿਕਲਪਨਾ ਕੀਤੀ ਜਾਵੇਗੀ ਤਾਂ ਉਸ ਪਰਿਕਲਪਨਾ ਦੇ ਆਦਿ ਅਤੇ ਅੰਤਲੇ ਬਿੰਦੂ ਉਪਰ ਔਰਤ ਦੀ ਆਜ਼ਾਦੀ ਨੂੰ ਹੀ ਚਿਤਵਿਆ ਜਾਵੇਗਾ। ਉਹ ਬਜ਼ਾਤੇ ਖੁਦ ਸੂਝਵਾਨ, ਚਿੰਤਨਸ਼ੀਲ ਅਤੇ ਗਿਆਨਵਾਨ ਹੈ। ਉਸ ਕੋਲ ਅੰਤਰ ਦ੍ਰਿਸ਼ਟੀ ਅਤੇ ਸਥਿਤੀਆਂ ਦੇ ਵਿਵੇਕ ਨੂੰ ਸਮਝਣ ਦੀ ਕਰਤਾਰੀ ਸ਼ਕਤੀ ਹੈ। ਉਹ ਗਿਆਨ ਧਰਾਤਲ ਉਪਰ ਵਿਚਰਨ ਵਾਲੀ ਔਰਤ ਹੈ ਜੋ ਸਮਾਜਕ ਮਸਲਿਆਂ ਨੂੰ ਧੁਰ ਅੰਦਰੋਂ ਪਛਾਣਦੀ ਹੈ। ਉਸ ਦਾ ਅਧਿਐਨ ਅਤੇ ਅਧਿਆਪਨ ਵੀ ਉਸ ਦੀ ਰਚਨਾਤਮਕ ਸ਼ਕਤੀ ਦਾ ਆਧਾਰ ਬਣਿਆ ਹੈ। ਉਸ ਦੀ ਦ੍ਰਿਸ਼ਟੀ ਵਿਸ਼ਾਲ ਅਤੇ ਬਹੁ-ਪਰਤੀ ਹੈ। ਉਸ ਦੀ ਇਹ ਨਿਸ਼ਚਿਤ ਧਾਰਨਾ ਹੈ ਕਿ ਔਰਤ ਦੀ ਮੁਕਤੀ ਉਦੋਂ ਹੀ ਸਾਕਾਰ ਹੋਵੇਗੀ ਜਦੋਂ ਉਸ ਦੇ ਆਪਣੇ ਅੰਦਰ ਸਵੈ ਚੇਤਨਾ ਜਾਗਰਿਤ ਹੋਵੇਗੀ। ਉਸ ਦੀ ਧਾਰਨਾ ਹੈ ਕਿ, "ਦੁਨੀਆਂ ਦੀ ਭਾਵੇਂ ਅੱਧੀ ਵਸੋਂ ਔਰਤਾਂ ਦੀ ਹੈ, ਪਰ ਉਨ੍ਹਾਂ ਦੀ ਪਹਿਚਾਣ ਮਾਂ, ਭੈਣ, ਪਤਨੀ, ਬੇਟੀ ਕਰਕੇ ਤਾਂ ਹੈ, ਇਨਸਾਨ ਕਰਕੇ ਨਹੀਂ। ਫਲਸਰੂਪ ਔਰਤ ਆਪਣੀ ਪਹਿਚਾਣ ਆਪ ਵੀ ਭੁੱਲ ਗਈ। ਦੂਸਰੇ ਉਸ ਨੂੰ ਕੀ ਸਮਝਦੇ ਹਨ, ਉਸ ਬਾਰੇ ਕੀ ਸੋਚਦੇ ਨੇ ਇਹੀ ਗੱਲ ਉਸਦੀ ਸੋਚ ਦਾ ਆਦਿ ਤੇ ਅੰਤ ਬਣ ਗਈ। ਫਰਾਂਸੀਸੀ ਦਾਨਸ਼ਵਰ ਲੇਖਿਕਾ ਸਮੂਨ ਆਖਦੀ ਹੈ ਕਿ ਔਰਤ ਆਪਣੀ ਪਹਿਚਾਣ 'ਤੇ ਆਪਣੇ ਆਪ ਵਿਚੋਂ ਯਕੀਨ ਗੁਆ ਕੇ ਜ਼ਰਾ ਜਿੰਨੇ ਬੱਚੇ ਨੂੰ ਵੀ ਝਿੜਕਣ ਵੇਲੇ ਆਖੇਗੀ, "ਦੱਸਾਂਗੀ ਤੇਰੇ ਪਿਓ ਨੂੰ" ਮਤਲਬ ਕਿ ਅੱਜ ਔਰਤ ਆਪਣਾ ਸਿਰਫ ਉਹੀ ਮੁੱਲ ਸਮਝਦੀ ਹੈ ਜੋ ਬੰਦਾ ਉਸ ਦਾ ਪਾਉਂਦਾ ਹੈ।"[2]

ਭਾਵ ਹਰ ਸਥਿਤੀ ਵਿਚ ਸਮਝੌਤਾ ਕਰਨ ਲੈਣ ਵਾਲੀ ਔਰਤ ਆਪਣੇ ਦਰਦ ਦੀ ਆਪ ਵੀ ਕਾਰਣ ਬਣਦੀ ਹੈ। ਉਹ ਲਿਖਦੀ ਹੈ:—

"ਔਰਤ ਦੀ ਇਸ ਸਥਿਤੀ ਦੇ ਜ਼ਿੰਮੇਵਾਰ ਧਾਰਮਕ, ਸਮਾਜਕ, ਆਰਥਕ, ਮਨੋਵਿਗਿਆਨਕ ਤੇ ਸਰੀਰਕ ਕਾਰਨਾਂ ਤੋਂ ਬਿਨ੍ਹਾਂ ਉਹ ਖੁਦ ਵੀ ਹੈ। ਉਸਦੀ ਇਸ ਸਥਿਤੀ ਨੇ ਉਸ ਨੂੰ ਔਰਤ ਤੋਂ ਵਸਤੂ ਦੀ ਸਥਿਤੀ ਤੇ ਪਹੁੰਚਾ ਦਿੱਤਾ ਹੈ ਜਿਸ ਨੂੰ ਵੇਚਿਆ ਜਾ ਸਕਦਾ ਹੈ, ਵਟਾਇਆ ਜਾ ਸਕਦਾ ਹੈ, ਜਲਾਇਆ ਜਾ ਸਕਦਾ ਹੈ ਤੇ ਚੀਜ਼ਾਂ ਦੀ ਵਿਕਰੀ ਲਈ ਇਸ਼ਤਿਆਰ ਬਣਾਇਆ ਜਾ ਸਕਦਾ ਹੈ।"[3]

ਦਲੀਪ ਕੌਰ ਟਿਵਾਣਾ ਆਪਣੀ ਸਾਹਿਤਕਾਰੀ ਉਪਰ ਵਿਚਾਰ ਚਰਚਾ ਕਰਦੀ ਕਈ ਅਜਿਹੇ ਮਸਲੇ ਵੀ ਵਿਚਾਰਦੀ ਹੈ ਜੋ ਉਸ ਦੇ ਵਿਕਾਸ ਦੀ ਗਵਾਹੀ ਭਰਦੇ ਹਨ। ਉਹ ਲੇਖਕ ਨੂੰ ਆਪਣੇ ਸਮੇਂ ਦੀ ਤੀਖਣ ਚੇਤਨਾ ਵਾਲਾ ਵਿਕਅਤਿਤ੍ਵ ਮੰਨਦੀ ਹੈ। ਉਹ ਲੇਖਕ ਦਾ ਕਿਸੇ ਇਕ ਵਿਚਾਰਧਾਰਾ ਨਾਲ ਹੀ ਬੱਝੇ ਰਹਿਣ ਨੂੰ ਸਵੀਕਾਰ ਨਹੀਂ ਕਰਦੀ। ਉਸ ਦੀ ਧਾਰਨਾ ਹੈ ਲੇਖਕ ਦੀ ਪ੍ਰਤਿਬੱਧਤਾ ਜ਼ਿੰਦਗੀ ਨਾਲ ਅਤੇ ਉਨ੍ਹਾਂ ਮੂਲ ਤੱਤਾਂ ਤੇ ਸੱਚਾਂ ਨਾਲ ਹੋਣੀ ਚਾਹੀਦੀ ਹੈ, ਜਿਸ ਰਾਹੀਂ ਜ਼ਿੰਦਗੀ ਨੂੰ ਵਿਕਾਸਸ਼ੀਲ ਭਵਿੱਖ ਨਾਲ ਜੋੜਿਆ ਜਾ ਸਕੇ। ਨਿਰਸੰਦੇਹ ਦਲੀਪ ਕੌਰ ਟਿਵਾਣਾ ਨੇ ਆਪਣੀ ਨਾਵਲਕਾਰੀ ਵਿਚ ਕੇਵਲ ਔਰਤ ਦੇ ਦਰਦ ਦੇ ਪਾਸਾਰ ਹੀ ਨਹੀਂ ਉਸਾਰੇ ਬਲਕਿ ਉਸ ਨੇ ਦਰਦ ਦੇ ਕਾਰਣਾਂ ਦਾ ਡੂੰਘਾ ਵਿਵੇਕ ਵੀ ਪਕੜਿਆ ਹੈ। ਉਹ ਉਨ੍ਹਾਂ ਵਿਚਾਰਾਂ ਨੂੰ ਵੀ ਰੱਦ ਕਰਦੀ ਹੈ ਜੋ ਔਰਤ ਦੇ ਦੁੱਖ ਦਰਦ ਦਾ ਇਕੋ ਇਕ ਕਾਰਣ ਮਰਦ ਸਮਾਜ ਦੀ ਜਕੜ ਵਿਚ ਨਿਸ਼ਚਿਤ ਕਰਦੇ ਹਨ। ਉਹ ਔਰਤ ਦੇ ਸੰਤਾਪ ਦੀ ਇਕ ਧਿਰ ਖੁਦ ਔਰਤ ਨੂੰ ਮੰਨਦੀ ਹੈ ਜੋ ਪਲ ਪਲ ਮਰਦ ਉਪਰ ਕੇਂਦਰਿਤ ਰਹਿੰਦੀ ਹੈ। ਨਿਰਸੰਦੇਹ ਦਲੀਪ ਕੌਰ ਟਿਵਾਣਾ ਦਾ ਰਚਨਾ ਸੰਸਾਰ ਔਰਤ ਦੀ ਸਥਿਤੀ ਨੂੰ ਵਿਭਿੰਨ ਝਰੋਖਿਆਂ ਵਿਚੋਂ ਉਸਾਰਦਾ ਹੈ। ਉਸਦੀ ਰਚਨਾਤਮਕ ਪ੍ਰਾਪਤੀ ਦੇ ਵਿਕਾਸ ਵੱਲ ਦ੍ਰਿਸ਼ਟੀਗੋਚਰ ਹੋਈਏ ਤਾਂ ਇਸ ਰਹੱਸ ਦੀ ਵੀ ਪ੍ਰਤੀਤੀ ਹੁੰਦੀ ਹੈ ਕਿ ਉਸਦੀ ਸਿਰਜਨ-ਯਾਤਰਾ ਇਕ ਲੰਮੇ ਕਾਲ ਖੰਡ ਵਿਚ ਫੈਲੀ ਹੋਈ ਹੈ। ਨਾਵਲ ਸਿਰਜਣਾ ਤੋਂ ਪਹਿਲਾਂ ਉਸ ਨੇ ਕਹਾਣੀ ਦੇ ਖੇਤਰ ਵਿਚ ਆਪਣੀ ਪਛਾਣ ਸਥਾਪਤ ਕਰ ਲਈ ਸੀ। ਇਸ ਕਹਾਣੀ ਯਾਤਰਾ ਦੀ ਪਹਿਲੀ ਪ੍ਰਾਪਤੀ ਪ੍ਰਬਲ ਵਹਿਣ ਕਹਾਣੀ ਸੰਗ੍ਰਹਿ ਹੈ ਜੋ 1954 ਵਿਚ ਪ੍ਰਕਾਸ਼ਿਤ ਹੋਇਆ ਸੀ। ਤ੍ਰਾਟਾਂ, ਵੈਰਾਗੇ ਨੈਣ, ਵੇਦਨਾ, ਤੂੰ ਭਰੀਂ ਹੁੰਗਾਰਾ, ਸਾਧਨਾ, ਯਾਤਰਾ, ਇਕ ਕੁੜੀ ਅਤੇ ਤੇਰਾ ਕਮਰਾ ਮੇਰਾ ਕਮਰਾ ਉਸ ਦੀਆਂ ਕਹਾਣੀਆਂ ਦੀਆਂ ਪੁਸਤਕਾਂ ਹਨ। ਇਨ੍ਹਾਂ ਕਹਾਣੀਆਂ ਵਿਚ ਜ਼ਿੰਦਗੀ ਦੇ ਵਿਭਿੰਨ ਪਲਾਂ ਛਿੰਨਾਂ ਨੂੰ ਬੜੇ ਸਹਿਜ ਰੂਪ ਵਿਚ ਪ੍ਰਗਟਾਇਆ ਗਿਆ। ਟਿਵਾਣਾ ਆਪਣੀਆਂ ਕਹਾਣੀਆਂ ਨੂੰ "ਸਫ਼ਰ ਦੀਆਂ ਕਹਾਣੀਆਂ" ਮੰਨਦੀ ਹੈ। ਉਹ ਸਾਹਿਤਕ ਸਫਰ, ਜਿਸ ਵਿਚੋਂ ਨਾਵਲਕਾਰੀ ਨੇ ਜਨਮ ਲਿਆ ਹੈ। ਉਸ ਦੀਆਂ ਕਹਾਣੀਆਂ ਦੀ ਪਛਾਣ ਇਹ ਹੈ ਕਿ ਉਹ ਕਿਸੇ ਇਕ ਨੁਕਤੇ ਉਪਰ ਸਿਮਟੀਆਂ ਹੁੰਦੀਆਂ ਹਨ। ਇਸੇ ਲਈ ਇਨ੍ਹਾਂ ਕਹਾਣੀਆਂ ਦਾ ਚਰਿਤਰ ਸਰਲ ਅਤੇ ਇਕਹਿਰਾ ਹੈ। ਉਹ ਆਪਣੀ ਕਹਾਣੀ ਸ਼ਿਲਪ ਬਾਰੇ ਖੁਦ ਲਿਖਦੀ ਹੈ:-

"ਮੇਰੀ ਸਮੱਸਿਆ ਇਹੀ ਹੈ ਕਿ ਸ੍ਵੈ ਦਾ ਸ੍ਵੈ ਨਾਲ ਤੇ ਸ੍ਵੈ ਦਾ ਸ੍ਰਿਸ਼ਟੀ ਨਾਲ ਰਿਸ਼ਤਾ ਮੋਹ ਭਿਜਿਆ, ਤੰਦਰੁਸਤ ਤੇ ਖੂਬਸੂਰਤ ਹੋਵੇ। ਪਰ ਨਿਰਾ ਚਾਹੁਣ ਨਾਲ ਤਾਂ ਸਭ ਕੁਝ ਨਹੀਂ ਹੋ ਜਾਂਦਾ। ਡਾ. ਰੋਸ਼ਨ ਲਾਲ ਆਹੂਜਾ ਨੇ ਇਸੇ ਸੰਦਰਭ ਵਿਚ ਇਕ ਵਾਰੀ ਆਖਿਆ ਸੀ, "ਬੀਬੀ ਦੁਨੀਆਂ ਤੈਂ ਤਾਂ ਨਹੀਂ ਬਣਾਈ ਕਿ ਤੇਰੀ ਮਰਜ਼ੀ ਦੀ ਹੋਵੇ।" ਜਦੋਂ ਮੈਂ ਇਹ ਕਹਾਣੀਆਂ ਰਚੀਆਂ ਸਨ ਉਦੋਂ ਸ੍ਵੈ ਤੇ ਸ੍ਰਿਸ਼ਟੀ ਦੇ ਮੂਲ ਤੱਤਾਂ ਤੇ ਮੂਲ ਵਿਰੋਧਾਂ ਦੀ ਪਹਿਚਾਣ ਸਿਰਫ ਦੁਮੇਲ ਤਕ ਦੀ ਹੀ ਸੀ। ਇਸੇ ਕਾਰਨ ਉਸ ਦੁਮੇਲ ਨੂੰ ਆਖਰੀ ਮੰਜ਼ਿਲ ਮਿਥ ਲਿਆ ਸੀ। ਇਸ ਕਾਰਨ ਇਹ ਕਹਾਣੀਆਂ ਸਿਰਫ ਸਫ਼ਰ ਦੀਆਂ ਕਹਾਣੀਆਂ ਨੇ।"[4]

ਸਪਸ਼ਟ ਹੀ ਹੈ ਕਿ ਦਲੀਪ ਕੌਰ ਟਿਵਾਣਾ ਆਪਣੀ ਸਾਹਿਤਕਾਰੀ ਅਤੇ ਸਾਹਿਤਕਾਰੀ ਦੇ ਮੂਲ ਧਰਮ ਨੂੰ ਪਛਾਣਦੀ ਹੈ। ਇਹ ਸਾਹਿਤਕਾਰੀ ਦਾ ਹੀ ਧਰਮ ਹੈ ਕਿ ਉਹ ਮਾਨਵੀ ਦੁੱਖ ਦਾ ਵਿਵੇਕ ਉਸਾਰੇ। ਸਮਾਜ ਵਿਚ ਜੇਕਰ ਦੁੱਖ, ਕਲੇਸ਼ ਅਤੇ ਰਿਸ਼ਤਿਆਂ ਦਾ ਵਿਘਟਨ ਹੈ ਤਾਂ ਸੁਭਾਵਕ ਹੀ ਹੈ ਕਿ ਰਚਨਾ ਵਿਚ ਦਰਦ ਸੰਤਾਪ ਦੇ ਸੰਘਣੇ ਬਿੰਬ ਉਸਰਨਗੇ। ਇਹ ਲੇਖਕ ਦੀ ਭਾਵੁਕਤਾ ਜਾਂ ਰਚਨਾ ਵਿਚ ਸ਼ਰੀਕ ਹੋ ਜਾਣਾ ਨਹੀਂ ਮੰਨਿਆ ਜਾਣਾ ਚਾਹੀਦਾ। ਇਹ ਲੇਖਕ ਦੀ ਆਪਣੀ ਵਿਵੇਕ ਸ਼ਕਤੀ ਹੁੰਦਾ ਹੈ ਕਿ ਉਹ ਸਿਰਫ਼ ਮਨ-ਇੱਛਿਤ ਦੁੱਖ ਦਾ ਸੰਸਾਰ ਉਸਾਰਦਾ ਹੈ ਜਾਂ ਦੁੱਖ ਸਮਕਾਲੀ ਸਥਿਤੀਆਂ ਦੀ ਜਕੜ ਵਿਚੋਂ ਪੈਦਾ ਹੁੰਦਾ ਹੈ। ਦਲੀਪ ਕੌਰ ਟਿਵਾਣਾ ਜੇਕਰ ਸਥਿਤੀਆਂ ਦਾ ਸਰਲੀਕਰਣ ਕਰਕੇ ਸੁਖਾਂਤ ਸੰਸਾਰ ਸਿਰਜਦੀ ਤਾਂ ਇਹ ਯਥਾਰਥਬੋਧ ਨੂੰ ਖੰਡਿਤ ਕਰਨਾ ਹੋਣਾ ਸੀ। ਉਸ ਦੇ ਨਾਵਲਾਂ ਵਿਚ ਔਰਤ ਦੀ ਤ੍ਰਾਸਦੀ ਹੋਣੀ ਕਿਸੇ ਪਰਿਕਲਪਨਾ ਦਾ ਸਿੱਟਾ ਨਹੀਂ। ਇਹ ਤ੍ਰਾਸਦੀ ਤਾਂ ਉਨ੍ਹਾਂ ਸਥਿਤੀਆਂ ਦੀ ਉਪਜ ਹੈ ਜੋ ਔਰਤ ਨੂੰ ਦੁਖ ਦੇ ਸਾਗਰ ਵਿਚ ਧਕੇਲ ਦੇਂਦੀਆਂ ਹਨ। ਡਾ. ਹਰਿਭਜਨ ਸਿੰਘ ਦਾ ਇਹ ਵਿਚਾਰ ਪ੍ਰਾਸੰਗਿਕ ਨਹੀਂ ਕਿ ਟਿਵਾਣਾ ਨੇ ਔਰਤ ਨੂੰ ਨਿਕੰਮੀ ਜਾਂ ਚੁੱਪ ਚਾਪ ਦੁਖ ਜਰਨ ਵਾਲੀ ਧਿਰ ਬਣਾ ਦਿੱਤਾ ਹੈ। ਪ੍ਰਮਾਣ ਵਜੋਂ 'ਹਸਤਾਖ਼ਰ' ਨਾਵਲ ਨੂੰ ਵਿਚਾਰਿਆਂ ਵੀ ਇਹ ਤੱਥ ਸਪੱਸ਼ਟ ਹੁੰਦਾ ਹੈ ਕਿ ਜੇ ਇਸਦੀ ਕੇਂਦਰੀ ਪਾਤਰ ਦੀ ਬਰੇਨ ਹੈਮਰੇਜ ਨਾਲ ਮੌਤ ਹੁੰਦੀ ਹੈ ਤਾਂ ਕੀ ਉਸ ਦੇ ਇਸ ਅੰਤ ਨੂੰ ਚੁੱਪ ਚਾਪ ਦੁੱਖ ਜਰਨ ਵਾਲੀ ਧਿਰ ਕਹਿ ਸਕਦੇ ਹਾਂ ? ਇਸ ਦਾ ਉੱਤਰ ਇਹ ਹੈ ਕਿ ਉਸਦੀ ਮੌਤ ਹੀ ਇਸ ਕਰਕੇ ਹੋਈ ਹੈ ਕਿ ਉਹ ਦੁੱਖ ਨੂੰ ਜਰ ਨਾ ਸਕੀ। ਦੁੱਖ ਜਰ ਰਹੀਆਂ ਧਿਰਾਂ ਇਸ ਤਰ੍ਹਾਂ ਨਹੀਂ ਮਰਦੀਆਂ। ਟਿਵਾਣਾ ਦੀਆਂ ਨਾਇਕਾਵਾਂ ਤਾਂ ਸਥਿਤੀਆਂ ਦੇ ਸਨਮੁੱਖ ਖੜੀਆਂ ਹੋ ਕੇ ਆਪਣੀ ਹੋਂਦ ਨੂੰ ਅਰਥ ਦੇਂਦੀਆਂ ਹਨ। ਭਾਨੋ ਜਦੋਂ ਘੁੰਡ ਚੁੱਕ ਕੇ ਘਰੋਂ ਬਾਹਰ ਆਉਂਦੀ ਹੈ ਤਾਂ ਇਸੇ ਵਿਚ ਹੀ ਉਸਦਾ ਸਥਿਤੀ ਦੇ ਵਿਰੋਧ ਪ੍ਰਗਟਾਇਆ ਕਰਮ ਹੈ। ਇਹ ਔਰਤਾਂ ਤਰਸ ਦੀਆਂ ਪਾਤਰ ਬਣ ਕੇ ਮਰਦ ਅੱਗੇ ਆਪਣਾ ਆਤਮ-ਵਿਸ਼ਵਾਸ ਨਹੀਂ ਗੁਆਉਂਦੀਆਂ ਸਗੋਂ ਇਨ੍ਹਾਂ ਦੇ ਪ੍ਰਤਿਕਰਮਾਂ ਵਿਚੋਂ ਦਲੀਪ ਕੌਰ ਟਿਵਾਣਾ ਦੀ ਨਾਵਲਕਾਰੀ ਵਿਚ ਔਰਤ ਅੰਦਰ ਪ੍ਰਗਟ ਹੋ ਰਹੀ ਚੇਤਨਾ ਦਾ ਅਕਸ ਦੇਖਿਆ ਜਾ ਸਕਦਾ ਹੈ। ਟਿਵਾਣਾ ਔਰਤ ਦੀ ਸਥਿਤੀ ਨੂੰ ਧੁਰ ਅੰਦਰੋਂ ਪਛਾਣਦੀ ਹੋਈ ਲਿਖਦੀ ਹੈ ਕਿ, "ਕੰਮ ਕਰਨ ਵਾਲੀਆਂ ਔਰਤਾਂ ਨੇ ਆਰਥਿਕ ਸੁਤੰਤਰਤਾ ਨਾਲ ਜੋ ਸ੍ਵੈ-ਵਿਸ਼ਵਾਸ ਹਾਸਲ ਕੀਤਾ ਹੈ ਉਹ ਉਨ੍ਹਾਂ ਨੂੰ ਅਣਮਨੁੱਖੀ ਵਿਵਹਾਰ ਅੱਗੇ ਝੁਕਣੋਂ ਵਰਜਦਾ ਹੈ ਤੇ ਦੂਜੇ ਪਾਸੇ ਆਧੁਨਿਕ ਮਨੁੱਖ ਨੂੰ ਇਹ ਤਾਂ ਸਵੀਕਾਰ ਹੈ ਕਿ ਔਰਤ ਬਾਹਰ ਜਾ ਕੇ ਕੰਮ ਕਰੇ ਪਰ ਇਹ ਮਨਜ਼ੂਰ ਨਹੀਂ ਕਿ ਔਰਤ ਸੁਭਾਵਕ ਤੌਰ 'ਤੇ ਇਕ ਮਨੁੱਖੀ ਜੀਵ ਵਜੋਂ ਵਿਚਰ ਸਕੇ। ਇਸ ਤਰ੍ਹਾਂ ਬਹੁਤ ਸਾਰੀਆਂ ਸਮੱਸਿਆਵਾਂ ਖੜ੍ਹੀਆਂ ਹੋ ਗਈਆਂ ਹਨ ਜਿਨ੍ਹਾਂ ਨੂੰ ਪਥਭ੍ਰਸ਼ਟ, ਵਿਦਰੋਹ, ਸਮਝੌਤਾ, ਅਤੇ ਵਸਤੂ ਸਥਿਤੀ ਵਿਚ ਚਲੇ ਜਾਣ ਤੱਕ ਔਰਤਾਂ ਆਪਣੀ-ਆਪਣੀ ਕਿਸਮ ਤੇ ਆਪਣੀ ਆਪਣੀ ਸਮਰੱਥਾ ਅਨੁਸਾਰ, ਸੁਲਝਾਣ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਕੋਸ਼ਿਸ਼ ਨੂੰ ਈਮਾਨਦਾਰੀ ਨਾਲ ਪੇਸ਼ ਕਰਨ ਵੱਲ ਮੇਰੇ ਨਾਵਲ ਰੁਚਿਤ ਹਨ। ਕਈ ਵਾਰੀ ਇਹ ਵੀ ਆਖ ਦਿੱਤਾ ਜਾਂਦਾ ਹੈ ਕਿ ਮੈਂ ਔਰਤ ਦਾ ਪੱਖ ਪੂਰਦੀ ਹਾਂ। ਅਸਲ ਗੱਲ ਇਹ ਹੈ ਕਿ ਔਰਤ ਹੋਣ ਕਰਕੇ ਮੈਂ ਔਰਤ ਦੀ ਜ਼ਿੰਦਗੀ ਦੇ ਤੱਥ ਤੇ ਸੱਚ ਨੂੰ ਵਧੇਰੇ ਸਹਿਜ ਰੂਪ ਵਿਚ ਜਾਣ ਸਕਦੀ ਹਾਂ, ਸਮਝ ਸਕਦੀ ਹਾਂ ਤੇ ਬਿਆਨ ਕਰ ਸਕਦੀ ਹਾਂ।

ਆਪਣੇ ਇਕ ਇੰਟਰਵਿਊ ਵਿਚ ਟਿਵਾਣਾ ਨੇ ਇਹ ਮੰਨਿਆ ਹੈ ਕਿ ਕਹਾਣੀਆਂ ਉਸਦੀ ਸਾਹਿਤਕ ਯਾਤਰਾ ਦਾ ਆਦਿ ਬਿੰਦੂ ਸਨ ਅਤੇ ਜਿਵੇਂ ਹੀ ਸਾਹਿਤਕ ਚੇਤਨਾ ਵਿਕਸਿਤ ਹੋਈ, ਕਹਾਣੀਆਂ ਦਾ ਦੌਰ ਆਪੇ ਹੀ ਪਿਛੇ ਰਹਿ ਗਿਆ। ਅਕਸਰ ਅਜਿਹੀ ਸਥਿਤੀ ਹਰ ਵੱਡੇ ਲੇਖਕ ਨਾਲ ਵਾਪਰਦੀ ਹੈ। ਉਸਦੀ ਯਾਤਰਾ ਦਾ ਆਦਿ-ਬਿੰਦੂ ਸਿਮਟਿਆ ਹੀ ਹੁੰਦਾ ਹੈ ਜੋ ਬਾਅਦ ਵਿਚ ਅਨੁਭਵ ਦੇ ਵਿਕਾਸ ਨਾਲ ਨਵੇਂ ਦਿਸਹੱਦਿਆਂ ਵਿਚ ਢਲ ਜਾਂਦਾ ਹੈ। ਟਿਵਾਣਾ ਆਪਣੇ ਕਹਾਣੀ ਸਫਰ ਨੂੰ ਚੇਤਨਾ ਦੇ ਪਹਿਲੇ ਪੜਾਅ ਵਾਲਾ ਸਾਹਿਤਕ ਕਾਰਜ ਮੰਨਦੀ ਹੈ। ਉਹ ਆਪਣੀ ਕਹਾਣੀ ਯਾਤਰਾ ਦਾ ਮੁਲੰਕਣ ਖ਼ੁਦ ਬੜੇ ਪ੍ਰਤੀਕਾਤਮਕ ਰੂਪ ਵਿਚ ਕਰਦੀ ਕਹਿੰਦੀ ਹੈ ਕਿ ‘‘ਮੇਰੀਆਂ ਸਾਰੀਆਂ ਕਹਾਣੀਆਂ ਦੇ ਮੁਖ ਬੰਦ ਵਿਚ ਮੈਂ ਆਪਣੀ ਇਸ ਕਥਾ ਯਾਤਰਾ ਦਾ ਲੇਖਾ ਜੋਖਾ ਇਉਂ ਕੀਤਾ ਹੈ, ਬਚਪਨ ਵਿਚ ਗੁੱਡੀਆਂ ਪਟੋਲਿਆਂ ਨਾਲ ਖੇਡਦਿਆਂ ਕੁੜੀਆਂ ਆਪੇ ਉਨ੍ਹਾਂ ਗੁੱਡੀਆਂ ਦੇ ਕਾਜ ਰਚਾ ਲੈਂਦੀਆਂ ਹਨ। ਸੁਹਾਗ ਗਾਉਂਦੀਆਂ, ਡੋਲੀ ਬਿਠਾਉਂਦੀਆਂ ਉਨ੍ਹਾਂ ਸਾਰੀਆਂ ਰਸਮਾਂ ਵਿਚੋਂ ਲੰਘ ਜਾਂਦੀਆਂ ਹਨ, ਜਿਨ੍ਹਾਂ ਵਿਚੋਂ ਦੀ ਉਨ੍ਹਾਂ ਨੇ ਆਪ ਸੱਚੀ ਮੁੱਚੀ ਲੰਘਣਾ ਹੁੰਦਾ ਹੈ ਤੇ ਫੇਰ ਉਹਨਾਂ ਗੁੱਡੀਆਂ ਵਿਚੋਂ ਕੋਈ ਗੁੱਡੀ ਮਰ ਜਾਂਦੀ ਹੈ। ਰੋਂਦੀਆਂ ਕੁਰਲਾਉਂਦੀਆਂ ਸਿਆਪਾ ਕਰਦੀਆਂ ਉਹ ਗੁੱਡੀ ਫੂਕਣ ਤੁਰ ਪੈਂਦੀਆਂ ਹਨ। ‘‘ਹਾਏ ਹਾਏ ਧੀਏ ਮੋਰਨੀਏ, ਤੇਰੇ ਗਜ ਗਜ ਲੰਬੇ ਵਾਲ ਨੀ ਧੀਏ ਮੋਰਨੀਏ।’’ ਕੁਝ ਇਹੋ ਜਿਹਾ ਹੀ ਮੇਰਾ ਰਿਸ਼ਤਾ ਮੇਰੀਆਂ ਕਹਾਣੀਆਂ ਨਾਲ ਸੀ। ‘ਤੇਰੇ ਗਜ ਗਜ ਲੰਬੇ ਵਾਲ ਨੀ ਧੀਏ ਮੋਰਨੀਏ’ ਆਖਦਿਆਂ ਮੈਨੂੰ ਲਗਦਾ ਜਿਵੇਂ ਉਹ ਸਭ ਗੁੱਡੇ ਗੁੱਡੀਆਂ ਦੀ ਖੇਡ ਹੀ ਸੀ, ਨਹੀਂ ਤਾਂ ਜਦੋਂ ਮੈਂ ਜ਼ਰਾ ਵੱਡੀ ਹੋਈ ਉਸ ਖੇਡ ਤੋਂ ਦੂਰ ਕਿਉਂ ਚਲੀ ਗਈ।’’[5]

ਨਿਰਸੰਦੇਹ ਟਿਵਾਣਾ ਦਾ ਕਹਾਣੀ ਸੰਸਾਰ ਮੁਢਲੇ ਦੌਰ ਦੀ ਸਾਹਿਤਕ ਪ੍ਰਾਪਤੀ ਹੈ ਅਤੇ ਇਸ ਪ੍ਰਾਪਤੀ ਨੂੰ ਰਚਨਾਤਮਕ ਪਿੱਠਭੂਮੀ ਦਾ ਦਰਜਾ ਦਿਤਾ ਜਾ ਸਕਦਾ ਹੈ। ਇਸ ਰਚਨਾਤਮਕ ਪਿੱਠਭੂਮੀ ਉਪਰ ਚਰਚਾ ਕਰਦਿਆਂ ਟਿਵਾਣਾ ਨੇ ਕਹਾਣੀ ਨੂੰ ਅਜਿਹੀ ਅਨੇਕ ਅਰਥੀ ਪ੍ਰਾਪਤੀ ਮੰਨਿਆ ਹੈ ਜੋ ਸਾਧਾਰਣ ਮਨੁੱਖ ਦੀ ਸਾਧਾਰਣ ਜ਼ਿੰਦਗੀ ਦੀ ਗੱਲ ਕਰਦੀ ਹੈ। ਕਹਾਣੀ ਦੀ ਕਲਾਤਮਕ ਸ਼ਕਤੀ ਉਪਰ ਚਰਚਾ ਕਰਦਿਆਂ ਟਿਵਾਣਾ ਕਹਾਣੀ ਰੂਪਾਕਾਰ ਨੂੰ ਮਨੁੱਖ ਦੀ ਕਾਇਆ ਕਲਪ ਕਰਨ ਵਾਲੀ ਸ਼ਕਤੀ ਮੰਨਦੀ ਹੈ। ਉਸ ਦੇ ਸ਼ਬਦਾਂ ਵਿਚ, ‘‘ਅੱਜ ਦੀ ਕਹਾਣੀ ਮਨੁੱਖ ਨੂੰ ਹੈਰਾਨ ਕਰਨ ਲਈ, ਉਸ ਦੀ ਉਤਸੁਕਤਾ ਜਗਾਉਣ ਲਈ ਅਸਾਧਾਰਣ ਪਾਤਰ, ਅਸਾਧਾਰਣ ਘਟਨਾਵਾਂ ਲੱਭ ਲੱਭ ਕੇ ਨਹੀਂ ਲਿਆਉਂਦੀ, ਸਗੋਂ ਉਹ ਸਾਧਾਰਣ ਮਨੁੱਖ ਦੀ ਸਾਧਾਰਣ ਜ਼ਿੰਦਗੀ ਦੀ ਹੀ ਗੱਲ ਕਰਦੀ ਹੈ। ਇਹ ਅੱਜ ਦੇ ਕਹਾਣੀਕਾਰ ਦੇ ਹੀ ਹਿੱਸੇ ਆਇਆ ਹੈ ਕਿ ਉਹ ਵਰਤਮਾਨ ਕਦਰਾਂ-ਕੀਮਤਾਂ ਦੀ ਅਲੋਚਨਾ ਕਰਦਾ ਹੋਇਆ, ਵਕਤ ਅਨੁਸਾਰ ਇਨ੍ਹਾਂ ਨੂੰ ਬਦਲਣ ਦੀ ਸਿਫਾਰਸ਼ ਵੀ ਕਰਦਾ ਹੈ। ਸਿਫਾਰਸ਼ ਹੀ ਨਹੀਂ ਕਰਦਾ ਸਗੋਂ ਕਦੇ ਕਦੇ ਇਨ੍ਹਾਂ ਦੀ ਨਿਰਾਰਥਕਤਾ ਤੋਂ ਘਬਰਾ ਕੇ ਸਾਨੂੰ ਵਿਦਰੋਹ ਤਕ ਵੀ ਲਿਆਂਦਾ ਹੈ। ਇਸ ਵਿਦ੍ਰੋਹ ਵਿਚ ਕੀ ਕੁਝ ਮਨੁੱਖ ਭੰਨਦਾ ਤੋੜਦਾ ਹੈ ਤੇ ਕੀ ਕੁਝ ਉਸ ਦਾ ਆਪਣਾ ਟੁੱਟ ਭੱਜ ਜਾਂਦਾ ਹੈ ਤੱਕ ਜਾ ਕੇ ਅੱਜ ਦੀ ਕਹਾਣੀ, ਇਸ ਟੁੱਟ ਭੱਜ ਉਤੇ ਕੋਈ ਸਾਬਤ ਸੁਪਨਾ ਉਸਾਰਨ ਦੀ ਕੋਸ਼ਿਸ਼ ਵੀ ਕਰਦੀ ਹੈ। ਉਹ ਪਾਠਕ ਨੂੰ ਅਜਿਹੇ ਅਨੁਭਵ ਵਿਚੋਂ ਦੀ ਲੰਘਾਂਦੀ ਹੈ ਜਿਹੜੇ ਉਸ ਦੇ ਮਨ ਦਾ ਕੂੜਾ ਕਰਕਟ ਹੂੰਝ ਕੇ ਕੁਝ ਚੰਗਾ ਚੋਖਾ ਰਖਣ ਲਈ ਥਾਂ ਬਣਾਉਂਦਾ ਹੈ। ਚੰਗੀ ਕਹਾਣੀ ਸਿਰਫ ਇੰਦਰਿਆਵੀ ਸੁੱਖ ਉਤੇ ਹੀ ਨਹੀਂ ਖੜੋ ਜਾਂਦੀ, ਸਗੋਂ ਪਾਠਕ ਨੂੰ ਰੂਹਾਨੀ ਤੌਰ ਤੇ ਬਦਲ ਕੇ ਉਸ ਦੀ ਕਾਇਆ ਕਲਪ ਕਰਦੀ ਹੈ। ਇਸ ਤਰ੍ਹਾਂ ਦੀ ਕਾਇਆ ਕਲਪ ਤੋਂ ਪਿਛੋਂ ਉਹ ਜੀਵਨ ਤੇ ਜਗਤ ਨਾਲ ਆਪਣੇ ਰਿਸ਼ਤੇ ਨਵੇਂ ਸਿਰਿਉਂ ਸਿਰਜਦਾ ਤੇ ਵਿਵੁੰਤਦਾ ਹੈ, ਜਿਹੜੇ ਵਧੇਰੇ ਸੱਚੇ ਵਧੇਰੇ ਤੰਦਰੁਸਤ ਤੇ ਵਧੇਰੇ ਖ਼ੂਬਸੂਰਤ ਹੁੰਦੇ ਹਨ।’’[6]

ਦਲੀਪ ਕੌਰ ਟਿਵਾਣਾ ਦੀਆਂ ਕਹਾਣੀਆਂ ਵਿਚ ਰੋਮਾਨੀ ਅਤੇ ਭਾਵੁਕ ਰੰਗ ਬੜਾ ਉਘੜਵਾਂ ਸੀ। ਇਸ ਰੰਗ ਕਰਕੇ ਹੀ ਉਹ ਆਪਣੀਆਂ ਕਹਾਣੀਆਂ ਨੂੰ ਚੇਤਨਾ ਦਾ ਪਹਿਲਾ ਪੜਾਅ ਮੰਨਦੀ ਹੈ। ਇਹ ਉਹ ਪੜਾਅ ਸੀ ਜਿਥੋਂ ਅਨੁਭਵ ਨੇ ਪ੍ਰਮਾਣਕ ਬਣਨ ਦੀ ਦਿਸ਼ਾ ਗ੍ਰਹਿਣ ਕੀਤੀ ਸੀ। ਆਪਣੀ ਪੁਸਤਕ ਕਹਾਣੀ ਕਲਾ ਤੇ ਮੇਰਾ ਅਨੁਭਵ ਵਿਚ ਉਹ ਇਹ ਲਿਖਦੀ ਹੈ ਕਿ ਇਨ੍ਹਾਂ ਕਹਾਣੀਆਂ ਵਿਚ ਮਨ ਦਾ ਉਬਾਲ ਹੈ, ਤਕਨੀਕ ਰਵਾਇਤੀ ਅਤੇ ਸੰਜਮ ਵਾਲੀ ਹੈ। ਉਸ ਦਾ ਇਹ ਕਹਿਣਾ ਕਿ ਜਿਵੇਂ ਤੁਸੀਂ ਸੁਪਨੇ ਵਿਚ ਬਰੜਾ ਰਹੇ ਹੋਵੋ ਅਤੇ ਲੋਕੀਂ ਸੁਣ ਰਹੇ ਹੋਣ ਦਾ ਸੰਕੇਤ ਇਹ ਹੈ ਕਿ ਉਹ ਆਪਣੇ ਕਹਾਣੀ ਸੰਸਾਰ ਨੂੰ ਮੁੱਢਲੇ ਪੜਾਅ ਵਾਲੀ ਸਮਝਦੀ ਹੋਈ ਆਪਣੀ ਪ੍ਰਾਪਤੀ ਵਿਚ ਸ਼ਾਮਲ ਨਹੀਂ ਕਰਦੀ। ਦੂਜੇ ਪਾਸੇ ਕਈ ਅਜਿਹੇ ਸਮੀਖਿਆਕਾਰ ਹਨ ਜੋ ਟਿਵਾਣਾ ਦੀ ਇਸ ਪ੍ਰਾਪਤੀ ਨੂੰ ਸਹਿਜ ਪ੍ਰਗਟਾਵਾ ਮੰਨੇ ਹਨ। ਉਨ੍ਹਾਂ ਦੀ ਇਹ ਧਾਰਨਾ ਹੈ ਕਿ ਜਿਸ ਕਾਲ ਖੰਡ ਵਿਚ ਇਹ ਸਿਰਜੀਆਂ ਗਈਆਂ ਹਨ, ਉਸ ਕਾਲ ਖੰਡ ਵਿਚ ਅਜਿਹੀ ਗਲਪ ਪ੍ਰਾਪਤੀ ਪਛਾਣਨਯੋਗ ਸੀ।

ਡਾ. ਵਿਨੋਦ ਨੇ ਤਨਾਉ ਨੂੰ ਮੁਹੱਬਤ ਦੇ ਖੇਤਰ ਵਾਲਾ ਕਹਿ ਕੇ ਟਿਵਾਣਾ ਦੀਆਂ ਕਹਾਣੀਆਂ ਦਾ ਇਕਹਿਰਾ ਚਰਿਤਰ ਵੀ ਸੰਕੇਤ ਕਰ ਦਿੱਤਾ ਹੈ। ਇਹ ਤੱਥ ਲਗਭਗ ਹਰ ਵੱਡੇ ਲੇਖਕ ਬਾਰੇ ਢੁੱਕਦਾ ਹੈ ਕਿ ਉਨ੍ਹਾਂ ਦੀ ਸਾਹਿਤਕ ਯਾਤਰਾ ਦਾ ਆਦਿ-ਬਿੰਦੂ ਮੁਹੱਬਤ ਦੇ ਜਜ਼ਬੇ ਉਪਰ ਹੀ ਉਸਰਿਆ ਹੈ ਜੋ ਬਾਅਦ ਵਿਚ ਜ਼ਿੰਦਗੀ ਦੇ ਬਹੁ-ਰੰਗੇ ਬਿੰਬ ਵਿਚ ਫੈਲਦਾ ਹੈ। ਇਸ ਤੱਥ ਦਾ ਰਹੱਸ ਇਹ ਹੈ ਕਿ ਮੁਹੱਬਤ ਦਾ ਜਜ਼ਬਾ ਸਾਹਿਤ-ਸਿਰਜਣਾ ਦਾ ਪਹਿਲਾ ਬਿੰਦੂ ਹੈ ਜੋ ਜਦੋਂ ਵੀ ਜਾਗਦਾ ਹੈ, ਵਿਅਕਤੀ ਨੂੰ ਲੇਖਕ ਬਣਾ ਦੇਂਦਾ ਹੈ। ਇਹ ਲੇਖਕ ਫਿਰ ਸਾਹਿਤਕ ਚੇਤਨਾ ਦੇ ਵਿਕਾਸ ਨਾਲ ਨਵੀਂ ਰਚਨਾਤਮਕ ਪ੍ਰਾਪਤੀ ਦਾ ਸਿਰਜਿਕ ਬਣਦਾ ਹੈ। ਦਲੀਪ ਕੌਰ ਟਿਵਾਣਾ ਵੀ ਤਾਂ ਇਹੀ ਕਹਿ ਰਹੀ ਹੈ ਕਿ ਇਨ੍ਹਾਂ ਕਹਾਣੀਆਂ ਵਿਚ ਮਨ ਦਾ ਉਬਾਲ ਸੀ। ਬਹਰਹਾਲ ਇਨ੍ਹਾਂ ਕਹਾਣੀਆਂ ਅੰਦਰ ਇਕ ਸਹਿਜ ਸੁੱਚੀ ਭਾਵਨਾ ਹੈ ਜੋ ਉਸ ਸਮੇਂ ਦਾ ਆਪਣਾ ਅਨੁਭਵ ਸੀ। ਡਾ. ਬ੍ਰਹਮ ਜਗਦੀਸ਼ ਸਿੰਘ ਟਿਵਾਣਾ ਦੀ ਕਹਾਣੀ ਕਲਾ ਨੂੰ ਰਵਾਇਤੀ ਲੱਛਣਾਂ ਤੋਂ ਵੱਖਰੀ ਮੰਨਦਾ ਹੈ। ਉਹ ਕਹਿੰਦਾ ਹੈ ਕਿ, ‘ਕਹਾਣੀ ਕਹਿਣ ਦਾ ਦਲੀਪ ਕੌਰ ਟਿਵਾਣਾ ਦਾ ਇਕ ਮਖ਼ਸੂਸ ਅੰਦਾਜ਼ ਹੈ। ਉਸ ਦੀਆਂ ਮੁਢਲੀਆਂ ਕਹਾਣੀਆਂ ਵਿਚ ਰੋਮਾਨੀਅਤ ਅਤੇ ਭਾਵੁਕਤਾ ਦਾ ਰੰਗ ਪ੍ਰਧਾਨ ਸੀ ਪਰ ਸਹਿਜੇ ਸਹਿਜੇ ਉਸਦੀਆਂ ਕਹਾਣੀਆਂ ਸਾਡੇ ਸਮਕਾਲੀ ਸਮਾਜਿਕ ਪਰਿਵੇਸ਼ ਨਾਲ ਪੂਰੀ ਤਰ੍ਹਾਂ ਜੁੜਦੀਆਂ ਚਲੀਆਂ ਗਈਆਂ। ਉਸਦਾ ਸਮਕਾਲੀ ਪੰਜਾਬੀ ਕਹਾਣੀ ਨੂੰ ਨਿਖਾਰਣ ਅਤੇ ਸੰਵਾਰਨ ਵਿਚ ਵਿਸ਼ੇਸ਼ ਯੋਗਦਾਨ ਹੈ ਪਰ ਅਜੇ ਵੀ ਉਹ ਆਪਣੀ ਕਹਾਣੀ ਦੇ ਸਰੂਪ ਅਥਵਾ ਸੰਗਠਨ ਬਾਰੇ ਮੁਤਮਈਨ ਨਹੀਂ ਹੈ। ਉਹ ਹਰਮਨ ਹੈਸ ਅਤੇ ਰਾਜਾ ਰਾਓ ਵਾਂਗ ਰੂਹ ਦੀ ਭਾਲ ਦੀਆਂ ਕਹਾਣੀਆਂ ਲਿਖਣਾ ਚਾਹੁੰਦੀ ਹੈ। ਉਸ ਦੀ ਇੱਛਾ ਹੈ ਕਿ ਕਾਫ਼ਕਾ ਅਤੇ ਪਾਰ ਲਾਗਰਵਿਸਟ ਵਾਂਗ ਉਹ ਵੀ ਰੂਪਕ-ਕਥਾਵਾਂ ਸਿਰਜ ਸਕੇ। ਉਹ ਪੰਜਾਬੀ ਕਹਾਣੀ ਵਿਚ ਥਾਮਸ ਮਾਨ, ਚੈਖਵ, ਮੋਪਾਸਾਂ ਅਤੇ ਕੈਥਰੀਨ ਐਨ ਪੋਰਟਰ ਵਰਗੇ ਹਸਤਾਖ਼ਰ ਵੇਖਣਾ ਲੋਚਦੀ ਹੈ। ਆਸ਼ਾ ਹੈ ਕਿ ਲੇਖਕਾਂ ਆਪ ਹੀ ਆਪਣਾ ਚੈਲੰਜ ਕਬੂਲ ਕਰੇਗੀ ਅਤੇ ਪੰਜਾਬੀ ਕਹਾਣੀ ਨੂੰ ਕੁਝ ਲਵਾਂ ਸਾਰਥਿਕ ਅਤੇ ਵਿਸ਼ਿਸ਼ਟ ਯੋਗਦਾਨ ਦੇਵੇਗੀ।’’[7] ਡਾ. ਬ੍ਰਹਮ ਜਗਦੀਸ਼ ਸਿੰਘ ਨੇ ਜਿਸ ਆਸ਼ੇ ਵੱਲ ਸੰਕੇਤ ਕੀਤਾ ਹੈ, ਉਸ ਆਸ਼ੇ ਨੂੰ ਖ਼ੁਦ ਦਲੀਪ ਕੌਰ ਟਿਵਾਣਾ ਆਪਣੇ ਇਕ ਇੰਟਰਵਿਊ ਵਿਚ ਭਵਿੱਖਮੁੱਖੀ ਨਹੀਂ ਮੰਨਦੀ ਕਿਉਂਕਿ ਉਹ ਹੁਣ ਨਾਵਲ ਰੂਪਾਕਾਰ ਨੂੰ ਸਮਰਪਿਤ ਹੈ। ਉਹ ਕਹਿੰਦੀ ਹੈ, ‘‘ਮੈਨੂੰ ਲਗਦਾ ਹੈ ਕਿ ਅਜੇ ਮੈਂ ਹੋਰ ਨਾਵਲ ਲਿਖਣੇ ਨੇ। ਸੀਮਾ ਇਹੀ ਹੈ ਕਿ ਮੈਂ ਵੱਡੇ ਆਕਾਰ ਦੇ ਨਾਵਲ ਨਹੀਂ ਲਿਖ ਸਕਦੀ। ਇਹੀ ਕਾਰਨ ਹੈ ਕਿ ਕਥਾ ਕਹੋ ਉਰਵਸ਼ੀ ਨਾਵਲ ਮੈਨੂੰ ਛੇ ਨਾਵਲਾਂ ਦੇ ਰੂਪ ਵਿਚ ਲਿਖਣਾ ਪਿਆ।’’[8]

ਪੁਸਤਕ ‘‘ਕਿਛੁ ਸੁਣੀਐ ਕਿਛੁ ਕਹੀਐ’’ ਜੋ ਕਿ ਦਲੀਪ ਕੌਰ ਟਿਵਾਣਾ ਨਾਲ ਇਕ ਲੰਮੀ ਮੁਲਾਕਾਤ ਦੇ ਆਧਾਰ ਉਪਰ ਲਿਖੀ ਗਈ ਹੈ, ਵਿਚ ਟਿਵਾਣਾ ਨੇ ਸਪੱਸ਼ਟ ਸ਼ਬਦਾਂ ਵਿਚ ਇਹ ਮੰਨਿਆ ਹੈ ਕਿ ਕਹਾਣੀ ਵਿਚ ਉਸ ਦੀ ਦਿਲਚਸਪੀ ਇਸ ਲਈ ਨਾ ਰਹੀ ਕਿ ਉਹ ਕਹਾਣੀ ਤੋਂ ਪਾਰ ਲੰਘ ਗਈ ਹੈ। ਇੰਟਰਵਿਊ ਲੈਣ ਵਾਲੇ ਵਿਦਵਾਨ ਦੇ ਇਸ ਪ੍ਰਸ਼ਨ, ‘‘ਤੁਸੀਂ ਕਦੇ ਕਹਾਣੀਆਂ ਲਿਖਦੇ ਸੀ, ਹੁਣ ਬੰਦ ਕਿਉਂ ਕਰ ਦਿੱਤੀਆਂ ?’’ ਦੇ ਉਤਰ ਵਿਚ ਜੋ ਵਿਚਾਰ ਪ੍ਰਗਟਾਇਆ, ਉਹ ਇਸ ਤਰ੍ਹਾਂ ਹੈਃ—

‘‘ਗੱਲ ਮੇਰੇ ਪੀਐਚ. ਡੀ. ਕਰਨ ਤੋਂ ਸ਼ੁਰੂ ਕਰਦੇ ਹਾਂ, ਮੈਂ ਸੋਚਿਆ ਸੀ ਇਸ ਬਹਾਨੇ ਕੁਝ ਚੰਗੀਆਂ ਕਹਾਣੀਆਂ ਪੜ੍ਹੀਆਂ ਜਾਣਗੀਆਂ। ਕਹਾਣੀ ਕਲਾ ਦੀ ਵੀ ਕੁਝ ਸਮਝ ਆ ਜਾਊ। ਇਸੇ ਕਾਰਨ ਮੈਂ ਚੋਖ਼ਵ, ਗੋਰਕੀ, ਥਾਮਸ ਮਾਨ, ਡੀ. ਐਚ. ਲਾਰੰਸ, ਜੇਮੰਜ ਜਾਇਸ, ਹੇਨਰੀ ਜੇਮਜ, ਹੈਮਿੰਗਵੇ, ਕੈਥਰੀਨ ਮੈਨਸ ਫੀਲਡ, ਫਾਕਨਰ, ਟੈਗੋਰ, ਸਰਤ ਚੰਦਰ, ਵਿਸ਼ਨੂ ਪ੍ਰਭਾਕਰ, ਕੁਰਤੁਲਇਨ ਹੈਦਰ, ਰਜਿੰਦਰ ਸਿੰਘ ਬੇਦੀ ਆਦਿ ਦੇਸੀ ਤੇ ਬਦੇਸ਼ੀ ਕਹਾਣੀਕਾਰਾਂ ਦੀ ਕਹਾਣੀਆਂ ਪੜ੍ਹੀਆਂ ਤੇ ਕਹਾਣੀ ਕਲਾ ਬਾਰੇ ਵੀ ਪੜ੍ਹਿਆ। ਸ਼ਾਇਦ ਮਨ ਵਿਚ ਕਿਧਰੇ ਖਿਆਲ ਹੋਵੇ ਕਿ ਇਸਤੋਂ ਮਗਰੋਂ ਮੈਂ ਖੁਦ ਵੀ ਵਧੀਆ ਕਹਾਣੀਆਂ ਲਿਖ ਸਕਿਆ ਕਰਾਂਗੀ। ਪੀਐਚ. ਡੀ. ਹੋ ਗਈ। ਡਿਗਰੀ ਮਿਲ ਗਈ। ਜਿੱਥੇ ਕਹਾਣੀਆਂ ਲਿਖਣ ਦਾ ਤੁਅੱਲਕ ਹੈ, ਉਹ ਇਉਂ ਹੋਇਆ ਕਿ ਕਹਾਣੀਆਂ ਲਿਖਣੀਆਂ ਮੈਨੂੰ ਜਿਵੇਂ ਭੁੱਲ ਹੀ ਗਈਆਂ। ਉਦੋਂ ਤੋਂ ਮਗਰੋਂ ਮੇਰੀਆਂ ਕਹਾਣੀਆਂ ਦਾ ਕੋਈ ਸੰਗ੍ਰਹਿ ਨਹੀਂ ਛਪਿਆ। ਨਵਯੁੱਗ ਵਾਲਿਆਂ ਨੇ ਮੇਰੀਆਂ ਪਹਿਲੀਆਂ ਕਹਾਣੀਆਂ ਹੀ ਇਕੱਠੀਆਂ ਕਰਕੇ ਛਾਪ ਦਿੱਤੀਆਂ ਤਾਂ ਜੋ ਇਹ ਵੀ ਗੁੰਮ ਗੁਆਚ ਨਾ ਜਾਣ। ਕਹਾਣੀ ਵਿਚ ਜਿਵੇਂ ਹੁਣ ਮੇਰੀ ਕੋਈ ਦਿਲਚਸਪੀ ਹੀ ਨਹੀਂ ਸੀ ਰਹਿ ਗਈ। ਕਹਾਣੀ ਤੋਂ ਸ਼ਾਇਦ ਮੈਂ ਪਾਰ ਲੰਘ ਆਈ ਸੀ।’’[9]

ਨਿਰਸੰਦੇਹ ਦਲੀਪ ਕੌਰ ਟਿਵਾਣਾ ਦੀ ਗਲਪ ਸੰਵੇਦਨਾ ਦਾ ਮੁੱਢਲਾ ਪੜ੍ਹਾਅ ਕਹਾਣੀ ਸਿਰਜਣਾ ਹੀ ਸੀ। ਇਕ ਦਹਾਕਾ ਇਸੇ ਕਹਾਣੀ ਦੌਰ ਦਾ ਸੀ। ਇਸ ਦੌਰਾਨ ਉਸ ਨੇ ਅਧਿਐਨ ਅਧਿਆਪਨ ਵਿਚ ਸਿਖਰ ਪ੍ਰਾਪਤ ਕੀਤਾ। ਯੂਨੀਵਰਸਿਟੀ ਵਿਚ ਪੜ੍ਹਦਿਆਂ ਪੜਾਉਂਦਿਆਂ ਉਸਦੀ ਰਚਨਾਤਮਕ ਪ੍ਰਤਿਭਾ

ਵਿਚ ਨਿਖਾਰ ਅਤੇ ਆਤਮ-ਵਿਸ਼ਵਾਸ ਆਇਆ। ਉਸ ਦੀ ਸ੍ਵੈ-ਜੀਵਨੀ ਨੰਗੇ ਪੈਰਾਂ ਦਾ ਸਫ਼ਰ ਵਿਚੋਂ ਸੰਕੇਤ ਮਿਲਦੇ ਹਨ ਕਿ ਉਸ ਦੇ ਰਾਹ ਵਿਚ ਅਨੇਕ ਰੁਕਾਵਟਾਂ ਆਈਆਂ ਪਰ ਉਹ ਨਾ ਕਦੇ ਥਿੜਕੀ ਅਤੇ ਨਾ ਹੀ ਤਿੜਕੀ। ਉਸ ਦੇ ਵਿਅਕਤਿਤ੍ਵ ਦਾ ਬਿੰਬ ਗਿਆਨਵਾਨ ਦੇ ਰੁਪ ਵਿਚ ਉਭਰਿਆ। ਇਕ ਪ੍ਰਤਿਭਾਵਾਨ ਪ੍ਰਾਧਿਆਪਕ ਹੋਣ ਕਰਕੇ ਗਹਿਰ ਗੰਭੀਰ ਵਿਦਿਆਰਥੀਆਂ ਵਿਚ ਉਸ ਦੀ ਪਛਾਣ ਨੂੰ ਗੂੜ੍ਹੀਆਂ ਪੈੜਾਂ ਮਿਲੀਆਂ। ਪਰਿਵਾਰਕ ਤੌਰ 'ਤੇ ਪਰੰਪਰਾਗਤ ਮੁੱਲਾਂ ਦੀ ਪਾਲਣਾ ਕਰਦਿਆਂ ਵੀ ਉਸਨੇ ਆਪਣੇ ਰਚਨਾਤਮਕ ਵਿਕਾਸ ਨੂੰ ਧੀਮਾ ਨਾ ਪੈਣ ਦਿੱਤਾ। ਆਪਣੇ ਆਲੇ ਦੁਆਲੇ ਅਕਾਦਮਕ ਅਤੇ ਸਾਹਿਤਕ ਮਾਹੌਲ ਸਿਰਜ ਕੇ ਟਿਵਾਣਾ ਨੇ ਅਕਾਦਮਕ ਜਗਤ ਵਿਚ ਵੀ ਆਪਣੀ ਪੱਕੀ ਪੀਡੀ ਪਛਾਣ ਲਈ ਸੀ। ਆਪਣੇ ਵਿਦਿਆਰਥੀਆਂ ਨੂੰ ਆਪਣਾ ਪ੍ਰੇਰਣਾ ਸਰੋਤ ਮੰਨਦੀ ਹੋਈ ਉਹ ਕਹਿੰਦੀ ਹੈ ਕਿ ''ਮੈਂ ਆਪਣੇ ਵਿਦਿਆਰਥੀਆਂ ਬਾਰੇ ਦੱਸਣ ਲੱਗਾ ਤਾਂ ਪੂਰੀ ਕਿਤਾਬ ਹੀ ਉਨ੍ਹਾਂ ਬਾਰੇ ਬਣ ਜਾਵੇਗੀ। ਉਨ੍ਹਾਂ ਦਾ ਕਰਜ਼ਾ ਲਾਹੁਣ ਲਈ ਹੀ ਤਾਂ 'ਕਥਾ ਕੁਕਨਸ ਦੀ' ਨਾਵਲ ਦੇ ਸਮਰਪਣ ਵੇਲੇ ਮੈਂ ਲਿਖਿਆ ਸੀ, ''ਆਪਣੇ ਵਿਦਿਆਰਥੀਆਂ ਦੇ ਨਾਂ ਜਿਨ੍ਹਾਂ ਤੋਂ ਮੈਂ ਬੜਾ ਕੁਝ ਸਿਖਿਆ ਹੈ।'' ਮੈਂ ਕਿਧਰੇ ਲਿਖਿਆ ਸੀ ਕਿ ਕੋਈ ਵੀ ਲੇਖਕ ਆਪਣੇ ਨਾਲੋਂ ਵੱਡੀ ਰਚਨਾ ਨਹੀਂ ਕਰ ਸਕਦਾ ਤੇ ਜਿੱਡੀਆਂ ਕੁ ਮੇਰੀਆਂ ਰਚਨਾਵਾਂ ਹਨ ਉਨ੍ਹਾਂ ਦੇ ਪਿਛੇ ਜਿਡੀ ਕੁ ਵੀ ਮੈਂ ਹਾਂ ਉਸ ਨੂੰ ਸਿਰਜਣ ਵਿਚ ਮੇਰੇ ਵਿਦਿਆਰਥੀਆਂ ਦਾ ਵੀ ਹੱਥ ਹੈ ਤੇ ਉਨ੍ਹਾਂ ਦੇ ਆਖਣ ਅਨੁਸਾਰ ਮੇਰਾ ਬੜਾ ਕੁਝ ਉਨ੍ਹਾਂ ਦੀ ਜ਼ਿੰਦਗੀ ਵਿਚ ਰਲ ਗਿਆ ਹੈ। ਇਸੇ ਲਈ ਨਾ ਮੈਂ ਉਹਨਾਂ ਨੂੰ ਕਦੇ ਓਪਰੀ ਲੱਗੀ ਹਾਂ ਤੇ ਨਾ ਹੀ ਉਹ ਕਦੇ ਮੈਨੂੰ ਓਪਰੇ ਲਗਦੇ ਹਨ। ਉਹ ਮੇਰੇ ਖੰਭ ਬਣੇ ਹੋਏ ਨੇ ਜਿਨ੍ਹਾਂ ਨੇ ਜ਼ਿੰਦਗੀ ਵਿਚ ਮੈਨੂੰ ਕਦੇ ਕਿਸੇ ਗੱਲ ਲਈ ਥੁੜ੍ਹਨ ਨਹੀਂ ਦਿੱਤਾ। ਇਨ੍ਹਾਂ ਸਾਰਿਆਂ ਦੀ ਪ੍ਰਾਪਤੀਆਂ ਮੈਨੂੰ ਆਪਣੀਆਂ ਹੀ ਪ੍ਰਾਪਤੀਆਂ ਲਗਦੀਆਂ ਹਨ ਜਿਸ ਕਰਕੇ ਇਕ ਵਾਰੀ ਮੈਂ ਆਖਿਆ ਸੀ ''ਕਦੇ ਨਿਤਸ਼ੇ ਦੀ ਮਾਂ ਕਾਰਨ ਨਿਤਸ਼ੇ ਨੂੰ ਲੋਕ ਜਾਣਦੇ ਸਨ ਤੇ ਅੱਜ ਅਸੀਂ ਨਿਤਸ਼ੇ ਕਾਰਨ ਉਸਦੀ ਮਾਂ ਨੂੰ ਜਾਣਦੇ ਹਾਂ।'' ਇਹੋ ਜਿਹਾ ਹੀ ਕੁਝ ਮੇਰਾ ਹਾਲ ਹੈ। ਕਦੇ ਇਹ ਵਿਦਿਆਰਥੀ, ਮੇਰੇ ਵਿਦਿਆਰਥੀ ਹੋਣ ਕਰਕੇ ਜਾਣੇ ਜਾਂਦੇ ਸਨ ਪਰ ਅੱਜ ਮੈਂ ਉਨ੍ਹਾਂ ਦੀ ਟੀਚਰ ਹੋਣ ਕਰਕੇ ਜਾਣੀ ਜਾਂਦੀ ਹਾਂ ਤੇ ਮੈਂ ਬਹੁਤ ਖੁਸ਼ ਹਾਂ। ਇਹ ਹੋ ਹੀ ਨਹੀਂ ਸਕਦਾ ਕਿ ਇਨ੍ਹਾਂ ਵਿਚੋ ਕਿਸੇ ਨੂੰ ਵੀ ਮੈਂ ਹਾਕ ਮਾਰਾਂ ਤੇ ਮੋੜਵਾਂ ਉਤਰ ਨਾ ਆਵੇ। ਇਹ ਵੀ ਨਹੀਂ ਹੋ ਸਕਦਾ ਕਿ ਉਨ੍ਹਾਂ ਵਿਚੋਂ ਕਿਸੇ ਦਾ ਵੀ ਕਦੇ ਮੈਨੂੰ ਪਤਾ ਭੁਲ ਜਾਵੇ।''[10]

ਰਚਨਾ ਦੇ ਝਰੋਖੇ ਰਾਹੀਂ ਉਸਨੂੰ ਦੁਖ ਤੋਂ ਪਾਰ ਜਾਣ ਦਾ ਮਾਰਗ ਮਿਲ ਗਿਆ ਸੀ। ਬੇਜੀ ਦਾ ਆਦਰਸ਼ਕ ਚਰਿਤਰ ਹਮੇਸ਼ਾਂ ਉਸ ਦੀ ਸੋਚਣੀ ਵਿਚ ਟਿਕਿਆ ਰਿਹਾ ਹੈ। ਇਹੀ ਕਾਰਣ ਹੈ ਕਿ ਸਾਹਿਤਕ ਹਲਕਿਆਂ ਵਿਚ ਉਸ ਨੂੰ ਬੜੇ ਅਦਬ ਨਾਲ ਪਛਾਨਿਆ ਜਾਂਦਾ ਹੈ। ਵਿਅਕਤੀਗਤ ਰਿਸ਼ਤਿਆਂ ਵਿਚ ਵੀ ਉਹ ਹਮੇਸ਼ਾਂ ਨੈਤਿਕ ਮੁੱਲਾਂ ਦੀ ਮਿਸਾਲ ਰਹੀ ਹੈ। ਆਪਣੀ ਜ਼ਿੰਦਗੀ ਦੇ ਪਹਿਲੇ ਪੜਾਅ ਉਪਰ ਹੀ ਉਸ ਨੂੰ ਦੁਖਾਂਤਕ ਸਥਿਤੀ ਦੇ ਸਨਮੁੱਖ ਹੋਣਾ ਪਿਆ ਸੀ ਪਰੰਤੂ ਉਸਨੇ ਇਸ ਹਾਦਸੇ ਨੂੰ ਇਕ ਦੁਖਾਂਤਕ ਸਥਿਤੀ ਸਮਝ ਕੇ ਵੱਖਰਾ ਰਾਹ ਸਿਰਜ ਲਿਆ। ਇਸ ਵੱਖਰੇ ਰਾਹ ਉਪਰ ਉਸ ਦੀ ਸਾਹਿਤਕ ਸਿਰਜਣਾ ਉਸ ਦੀ ਸ਼ਕਤੀ ਬਣਦੀ ਰਹੀ ਹੈ। ਉਹ ਲਿਖਦੀ ਹੈ:—

''ਮੈਂ ਤਾਂ ਜੰਮੀ ਵੀ ਸਭ ਭੈਣਾਂ ਭਰਾਵਾਂ ਤੋਂ ਪਹਿਲਾਂ ਸੀ। ਮੈਂ ਤਾਂ ਈਮਾਨਦਾਰੀ ਨਾਲ ਆਪਦਾ ਕੰਮ ਕਰਦੀ ਸੀ ਤੇ ਕਿਸੇ ਵੀ ਪ੍ਰਾਪਤੀ ਲਈ ਮਨ ਵਿਚ ਕਦੇ ਕੋਈ ਭਟਕਣ ਨਹੀਂ ਸੀ। ਸੱਚ ਪੁੱਛੋ ਤਾਂ ਇਹ ਮੈਨੂੰ ਕੋਈ ਅਹਿਮ ਪ੍ਰਾਪਤੀਆਂ ਵੀ ਨਹੀਂ ਲਗਦੀਆਂ। ਸ਼ਾਇਦ ਇਸ ਲਈ ਕਿ ਇਨ੍ਹਾਂ ਲਈ ਮੈਂ ਕੋਈ ਉਚੇਚ ਨਹੀਂ ਕੀਤਾ। ਕੋਈ ਵੀ ਕੰਪਰੋਮਾਇਜ਼ ਨਹੀਂ ਕੀਤਾ। ਲਗਦਾ ਹੈ ਇਹ ਸਭ ਮਾਂ ਦੀ ਕਮਾਈ ਹੈ। ਉਸੇ ਦੇ ਪੁੰਨ ਕਰਮਾਂ ਦਾ ਫਲ ਹੈ। ਜਾਂ ਫੇਰ ਇਹ ਮੇਰੀ ਖੁਸ਼ਕਿਸਮਤੀ ਹੈ ਕਿ ਲੋਕ ਮੇਰੇ ਨਾਲ ਏਡੇ ਚੰਗੇ ਨੇ। ਬਸ ਇਹ ਹੀ ਤਸੱਲੀ ਹੈ ਕਿ ਅੱਗੋ ਲਈ ਕੁੜੀਆਂ ਇਨ੍ਹਾਂ ਪ੍ਰਾਪਤੀਆਂ ਨੂੰ ਆਪਣੀ ਪਹੁੰਚ ਵਿਚ ਦੇਖ ਸਕਿਆ ਕਰਨਗੀਆਂ।''[11]

ਨਿਸਚੈ ਹੀ ਦਲੀਪ ਕੌਰ ਟਿਵਾਣਾ ਦਾ ਅਕਾਦਮਕ ਅਤੇ ਸਾਹਿਤਕ ਸਫਰ ਇਕ ਦੂਜੇ ਦੀ ਪਿੱਠਭੂਮੀ ਅਤੇ ਰਚਨਾਤਮਕ ਸ਼ਕਤੀ ਬਣਿਆ ਹੈ। ਗਿਆਨ ਅਤੇ ਅਨੁਭਵ ਦੇ ਸਿਰਜਣਾਤਮਕ ਸੁਮੇਲ ਦਾ ਬਿੰਬ ਉਸ ਦੀ ਰਚਨਾਕਾਰੀ ਵਿਚੋਂ ਉਭਰਦਾ ਹੈ। ਉਹ ਜੇਕਰ ਔਰਤ ਦੀ ਵੇਦਨਾ ਨੂੰ ਸੰਵੇਦਨਾ ਦਾ ਰੂਪ ਦੇ ਸਕੀ ਹੈ ਤਾਂ ਉਸ ਦਾ ਮੂਲ ਕਾਰਣ ਇਹੀ ਗਿਆਨ ਅਤੇ ਅਨੁਭਵ ਹੈ, ਜਿਸ ਦੇ ਝਰੋਖੇ ਵਿਚੋਂ ਉਸ ਨੇ ਔਰਤ ਦੀ ਵੇਦਨਾ ਨੂੰ ਇਕ ਵਿਵੇਕਸ਼ੀਲ ਪਰਿਪੇਖ ਵਿਚ ਪਰਖਿਆ ਅਤੇ ਸਿਰਜਿਆ ਹੈ। ਉਸ ਦੀ ਰਚਨਾਕਾਰੀ ਦੀ ਪ੍ਰਮਾਣਕਤਾ ਦਾ ਆਧਾਰ ਵੀ ਉਸ ਦਾ ਵਿਵੇਕਸ਼ੀਲ ਦ੍ਰਿਸ਼ਟੀਕੋਣ ਹੈ। ਦਲੀਪ ਕੌਰ ਟਿਵਾਣਾ ਦੀ ਰਚਨਾਤਮਕ ਪ੍ਰਾਪਤੀ ਅਤੇ ਵਿਕਾਸ ਦਾ ਰਹੱਸ ਇਹ ਹੈ ਕਿ ਉਹ ਮਾਨਵੀ ਜ਼ਿੰਦਗੀ ਨੂੰ ਇਕਹਿਰੀ ਅਤੇ ਲਕੀਰੀ ਪਾਸਾਰ ਵਾਲੀ ਨਹੀਂ ਮੰਨਦੀ। ਉਹ ਸਥਿਤੀਆਂ ਵਿਚ ਆਏ ਪਰਿਵਰਤਨ ਦੇ ਆਂਤਰਿਕ ਰਹੱਸ ਪਛਾਣਦੀ ਹੋਈ ਆਪਣੇ ਨਾਵਲਾਂ ਵਿਚ ਯਥਾਰਥਬੋਧ ਦਾ ਬਿੰਬ ਉਸਾਰਦੀ ਹੈ। ਇਸੇ ਯਥਾਰਥਬੋਧ ਵਿਚੋਂ ਉਸਦੇ ਨਾਵਲਾਂ ਦੇ ਵਿਕਾਸ ਦੀ ਪ੍ਰਤੀਤੀ ਹੁੰਦੀ ਹੈ। ਦਲੀਪ ਕੌਰ ਟਿਵਾਣਾ ਆਪਣੀ ਸਾਹਿਤਕਾਰੀ ਉਪਰ ਵਿਚਾਰ ਚਰਚਾ ਕਰਦੀ ਕਈ ਅਜਿਹੇ ਮਸਲੇ ਵੀ ਵਿਚਾਰਦੀ ਹੈ ਜੋ ਉਸ ਦੇ ਵਿਕਾਸ ਦੀ ਗਵਾਹੀ ਭਰਦੇ ਹਨ। ਉਹ ਲੇਖਕ ਨੂੰ ਆਪਣੇ ਸਮੇਂ ਦੀ ਤੀਖਣ ਚੇਤਨਾ ਵਾਲਾ ਵਿਕਅਤਿਤ੍ਵ ਮੰਨਦੀ ਹੈ। ਉਹ ਲੇਖਕ ਦਾ ਕਿਸੇ ਇਕ ਵਿਚਾਰਧਾਰਾ ਨਾਲ ਹੀ ਬੱਝੇ ਰਹਿਣ ਨੂੰ ਸਵੀਕਾਰ ਨਹੀਂ ਕਰਦੀ। ਉਸ ਦੀ ਧਾਰਨਾ ਹੈ ਲੇਖਕ ਦੀ ਪ੍ਰਤਿਬੱਧਤਾ ਜ਼ਿੰਦਗੀ ਨਾਲ ਅਤੇ ਉਨ੍ਹਾਂ ਮੂਲ ਤੱਤਾਂ ਤੇ ਸੱਚਾਂ ਨਾਲ ਹੋਣੀ ਚਾਹੀਦੀ ਹੈ, ਜਿਸ ਰਾਹੀਂ ਜ਼ਿੰਦਗੀ ਨੂੰ ਵਿਕਾਸਸ਼ੀਲ ਭਵਿੱਖ ਨਾਲ ਜੋੜਿਆ ਜਾ ਸਕੇ।

## ਟਿੱਪਣੀਆਂ ਤੇ ਹਵਾਲੇ


1. ਗੁਰਮੁਖ ਸਿੰਘ, ਕਿਛੁ ਸੁਣੀਐ ਕਿਛੁ ਕਹੀਐ, ਪੰਨਾ–77.
2. ਉਹੀ–, ਪੰਨੇ–72–73.
3. ਉਹੀ–, ਪੰਨਾ–73.
4. ਉਹੀ–, ਪੰਨਾ–139.
5. ਉਹੀ–, ਪੰਨਾ–134.
6. ਉਹੀ–, ਪੰਨੇ– 132–133.
7. ਬ੍ਰਹਮ ਜਗਦੀਸ਼ ਸਿੰਘ, ਦਲੀਪ ਕੌਰ ਟਿਵਾਣਾ ਦੀ ਗਲਪ ਚੇਤਨਾ, ਪੰਨੇ–109–110.
8. ਉਹੀ– ਪੰਨੇ–110–113.
9. ਗੁਰਮੁਖ ਸਿੰਘ, ਕਿਛੁ ਸੁਣੀਐ ਕਿਛੁ ਕਹੀਐ, ਪੰਨਾ–129.
10. ਉਹੀ–, ਪੰਨੇ–133–18.
11. ਉਹੀ–, ਪੰਨਾ–33.